BRAMPTON Flower City brampton.ca

media release

ਬੁੱਧਵਾਰ, 2 ਜਨਵਰੀ, 2019

# ਬ੍ਰੈਂਪਟਨ ਵਿੱਚ ਭੰਗ (ਕੈਨਾਬਿਸ) ਦੇ ਸਟੋਰਾਂ ਬਾਰੇ ਆਪਣੀ ਰਾਏ ਦਿਓ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਇਸ ਬਾਰੇ ਆਪਣੇ ਨਿਵਾਸੀਆਂ ਦੀ ਰਾਏ ਪੁੱਛ ਰਹੀ ਹੈ ਕਿ ਬ੍ਰੈਂਪਟਨ ਵਿੱਚ ਭੰਗ (ਕੈਨਾਬਿਸ) ਦੇ ਰਿਟੇਲ ਸਟੋਰਾਂ ਨੂੰ ਖੋਲ੍ਹਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਜਾਂ ਨਹੀਂ।

ਪੂਰੇ ਸ਼ਹਿਰ ਵਿੱਚ ਕਈ ਸਥਾਨਾਂ ਵਿਖੇ ਵਿਅਕਤੀਗਤ ਸਰਵੇਖਣਾਂ, ਟਾਉਨ ਹਾਲ ਵਿੱਚ ਇੱਕ ਕਾਰਜਕਰਮ ਅਤੇ ਇੱਕ ਖਾਸ ਕਾਉਂਸਿਲ ਮੀਟਿੰਗ ਰਾਹੀਂ, ਤੁਹਾਡੇ ਕੋਲ ਆਪਣੀ ਰਾਏ ਦੇਣ ਦੇ ਕਈ ਤਰੀਕੇ ਹਨ।

brampton.ca/cannabis ਤੇ ਭੰਗ ਦੇ ਕਨੂੰਨੀਕਰਨ ਸਬੰਧੀ, ਰਿਟੇਲ ਸਟੋਰਾਂ ਸਬੰਧੀ ਅਤੇ ਬ੍ਰੈਂਪਟਨ ਵਿਸ਼ੇਸ਼ ਵੇਰਵਿਆਂ ਦੀ ਬਹੁਤ ਸਾਰੀ ਜਾਣਕਾਰੀ ਉਪਲਬਧ ਹੈ। ਇਸਦੇ ਨਾਲ-ਨਾਲ ਇੱਥੇ ਰੁਝੇਵਿਆਂ ਦੇ ਮੌਕੇ ਲਈ ਤਾਰੀਖਾਂ ਅਤੇ ਸਥਾਨਾਂ ਬਾਰੇ ਨਿਯਮਿਤ ਰੂਪ ਨਾਲ ਅੱਪਡੇਟ ਕੀਤੇ ਵੇਰਵੇ ਦਿੱਤੇ ਜਾਂਦੇ ਹਨ।

**ਵਿਅਕਤੀਗਤ ਸਰਵੇਖਣ** (ਅੰਗਰੇਜ਼ੀ, ਫ੍ਰੈਂਚ, ਪੰਜਾਬੀ, ਹਿੰਦੀ, ਉਰਦੂ, ਤਮਿਲ ਅਤੇ ਗੁਜਰਾਤੀ ਵਿੱਚ ਉਪਲਬਧ):

*8 ਜਨਵਰੀ, 2019*

- **ਬ੍ਰੈਂਪਟਨ ਸੌਕਰ ਸੈਂਟਰ,** 1495 ਸੈਂਡਲਵੁੱਡ ਪਾਰਕਵੇ ਈਸਟ (**Brampton Soccer Centre,** 1495 Sandalwood Parkway East) ਵਿਖੇ ਸ਼ਾਮ 6-8 ਵਜੇ।
- **ਕੈਸੀ ਕੈਂਪਬੈਲ ਕਮਿਉਨਿਟੀ ਸੈਂਟਰ,** 1050 ਸੈਂਡਲਵੁੱਡ ਪਾਰਕਵੇ ਵੈਸਟ (**Cassie Campbell Community Centre,** 1050 Sandalwood Parkway West) ਵਿਖੇ ਸ਼ਾਮ 6-8 ਵਜੇ।
- **ਅਰਨਸਕਲਿਫ ਰੇਕ੍ਰੀਏਸ਼ਨ ਸੈਂਟਰ,** 44 ਈਸਟਬੋਰਨ ਡ੍ਰਾਈਵ (**Earnscliffe Recreation Centre,** 44 Eastbourne Drive) ਵਿਖੇ ਸ਼ਾਮ 6-8 ਵਜੇ।

*9 ਜਨਵਰੀ, 2019*

- **ਗੋਰ ਮੇਡੋਜ ਕਮਿਉਨਿਟੀ ਸੈਂਟਰ ਐਂਡ ਲਾਇਬ੍ਰੇਰੀ,** 10150 ਦ ਗੋਰ ਰੋਡ (**Gore Meadows Community Centre & Library**, 10150 The Gore Road) ਵਿਖੇ ਸ਼ਾਮ 6-8 ਵਜੇ।
- **ਚਿੰਗਕੂਜ਼ੀ ਵੈਲਨੈਸ ਸੈਂਟਰ,** 995 ਪੀਟਰ ਰੋਬਰਟਸਨ ਬੁਲੇਵਾਰਡ **(Chinguacousy Wellness Centre,** 995 Peter Robertson Boulevard) ਵਿਖੇ ਸ਼ਾਮ 6-8 ਵਜੇ।

*10 ਜਨਵਰੀ, 2019*

- **ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ,** 340 ਵੋਡਨ ਸਟ੍ਰੀਟ ਈਸਟ (**Century Gardens Recreation Centre**, 340 Vodden Street East) ਵਿਖੇ ਸ਼ਾਮ 6-8 ਵਜੇ।
- **ਸਾਊਥ ਫਲੈਚਰਸ ਸਪੋਰਟਸਪਲੈਕਸ,** 500 ਰੇ ਲੌਸਨ ਬੁਲੇਵਾਰਡ (**South Fletcher's Sportsplex**, 500 Ray Lawson Boulevard) ਵਿਖੇ ਸ਼ਾਮ 6-8 ਵਜੇ।
- **ਫਲਾਵਰ ਸਿਟੀ ਸੀਨੀਅਰਸ ਸੈਂਟਰ,** 8870 ਮੈਕਲੌਗਲਿਨ ਰੋਡ (**Flower City Seniors Centre**, 8870 McLaughlin Road) ਵਿਖੇ ਦੁਪਹਿਰ ਬਾਅਦ 1-4 ਵਜੇ।

**ਬ੍ਰੈਂਪਟਨ ਟਾਊਨ ਹਾਲ ਕਾਰਜਕਰਮ: ਭੰਗ (ਕੈਨਾਬਿਸ) ਦੇ ਰਿਟੇਲ ਸਟੋਰ**

- 10 ਜਨਵਰੀ, ਸ਼ਾਮ 7 ਵਜੇ, ਕਨਸਰਵੇਟਰੀ, ਸਿਟੀ ਹਾਲ (Conservatory, City Hall): ਬ੍ਰੈਂਪਟਨ ਵਿੱਚ ਰਿਟੇਲ ਭੰਗ ਬਾਰੇ ਜਾਣਕਾਰੀ ਅਤੇ ਪੈਨਲ ਚਰਚਾ ਲਈ ਆਓ। ਸਾਡੇ ਫੇਸਬੁੱਕ ਕਾਰਜਕਰਮ (Facebook event) ਪੰਨੇ ਤੇ ਆਪਣੀ ਭਾਗੀਦਾਰੀ ਲਈ ਰਜਿਸਟਰ ਕਰੋ ਜਾਂ cannabis@brampton.ca ਤੇ ਈਮੇਲ ਕਰੋ। Facebook.com/CityBrampton ਤੇ ਟਾਊਨ ਹਾਲ ਕਾਰਜਕਰਮ ਦੀ ਲਾਈਵ ਸਟ੍ਰੀਮਿੰਗ ਵੀ ਕੀਤੀ ਜਾਏਗੀ।

**ਖਾਸ ਕਾਉਂਸਿਲ ਮੀਟਿੰਗ**

- 21 ਜਨਵਰੀ, 2019 ਨੂੰ ਸ਼ਾਮ 7 ਵਜੇ ਇੱਕ ਖਾਸ ਕਾਉਂਸਿਲ ਮੀਟਿੰਗ ਰੱਖੀ ਜਾਏਗੀ।

**ਹਵਾਲਾ**

"ਅਸੀਂ ਬ੍ਰੈਂਪਟਨ ਵਾਸੀਆਂ ਦੀ ਰਾਏ ਸੁਣਨਾ ਚਾਹੁੰਦੇ ਹਾਂ। ਕਾਉਂਸਿਲ ਨੂੰ ਇਸ ਮਹੱਤਵਪੂਰਨ ਮੁੱਦੇ ਤੇ ਸੂਚਿਤ ਫੈਸਲਾ ਕਰਨ ਦੀ ਲੋੜ ਹੈ, ਇਸ ਲਈ ਕਿਰਪਾ ਕਰਕੇ ਆਪਣੀ ਰਾਏ ਦੇਣ ਦੇ ਮੌਕਿਆਂ ਦਾ ਫਾਇਦਾ ਉਠਾਓ।"

– ਮੇਅਰ ਪੈਟਰਿਕ ਬ੍ਰਾਊਨ (Patrick Brown)

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

media release

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca